# ਮਾਡਲ ਪ੍ਰਸ਼ਨ ਪੱਤਰ
## ਕੰਪਿਊਟਰ ਸਾਇੰਸ (ਸ਼੍ਰੇਣੀ 10ਵੀਂ)
## (ਸੈਸ਼ਨ: 2022-23)

ਸਮਾਂ: 2 ਘੰਟੇ | ਲਿਖਤੀ ਪ੍ਰੀਖਿਆ: 50 ਅੰਕ

**ਨੋਟ:**

1 ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਗਿਆ ਹੈ।

2 ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 3 ਤੱਕ ਹਨ:

- i. ਪ੍ਰਸ਼ਨ 1 ਵਿਚ 6 ਪ੍ਰਸ਼ਨ (ਉਪ-ਭਾਗ) ਬਹੁਵਿਕਲਪੀ ਉੱਤਰਾਂ ਵਾਲੇ 1-1 ਅੰਕ ਦੇ ਹਨ।
- ii. ਪ੍ਰਸ਼ਨ 2 ਵਿਚ 6 ਪ੍ਰਸ਼ਨ (ਉਪ-ਭਾਗ) ਖਾਲੀ ਥਾਵਾਂ ਭਰੋ ਵਾਲੇ 1-1 ਅੰਕ ਦੇ ਹਨ।
- iii. ਪ੍ਰਸ਼ਨ 3 ਵਿਚ 8 ਪ੍ਰਸ਼ਨ (ਉਪ-ਭਾਗ) ਪੂਰੇ ਰੂਪ ਜਾਂ ਸਹੀ/ਗਲਤ ਵਾਲੇ 1-1 ਅੰਕ ਦੇ ਹਨ।

3 ਭਾਗ-ਅ ਵਿਚ ਪ੍ਰਸ਼ਨ ਨੰਬਰ 4 ਤੋਂ 9 ਤੱਕ 3-3 ਅੰਕਾਂ ਦੇ 6 ਪ੍ਰਸ਼ਨ ਹਨ, ਜਿਸ ਵਿਚ ਦੋ ਪ੍ਰਸ਼ਨਾਂ ਵਿਚ ਅੰਦਰੂਨੀ ਛੋਟ ਦਿੱਤੀ ਗਈ ਹੈ।

4 ਭਾਗ-ੲ ਵਿਚ ਪ੍ਰਸ਼ਨ ਨੰਬਰ 10 ਤੋਂ 11 ਤੱਕ 6-6 ਅੰਕਾਂ ਦੇ 2 ਪ੍ਰਸ਼ਨ ਹਨ, ਜਿਹਨਾਂ ਵਿਚ ਅੰਦਰੂਨੀ ਛੋਟ ਦਿੱਤੀ ਗਈ ਹੈ।

### ਭਾਗ-ੳ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ** (6X1=6)

I. ਹੇਠ ਲਿਖਿਆਂ ਵਿਚੋਂ ਕਿਹੜੀ ਆਫਿਸ ਟੂਲਜ਼ ਦੀ ਉਦਾਹਰਣ ਹੈ?

ੳ. MS Word

ਅ. Google Slides

ੲ. MS PowerPoint

ਸ. All of these

II. ____________ ਉਹ ਟੈਕਸਟ ਹੁੰਦਾ ਹੈ ਜਿਸ ਵਿਚ ਦੂਜੇ ਵੈਬ-ਪੇਜਾਂ ਦੇ ਲਿੰਕ ਮੋਜੂਦ ਹੁੰਦੇ ਹਨ।

ੳ. ਸਟੈਟਿਕ ਟੈਕਸਟ

ਅ. ਹਾਈਪਰ ਟੈਕਸਟ

ੲ. ਪਲੇਨ ਟੈਕਸਟ

ਸ. ਉਪਰੋਕਤ ਸਾਰੇ

III. ਹੇਠ ਲਿਖੇ ਵਿੱਚੋਂ ਕਿਹੜਾ ਐਟਰੀਬਿਊਟ HTML ਦੇ ਐਂਕਰ ਟੈਗ ਦੁਆਰਾ ਨਹੀਂ ਵਰਤਿਆ ਜਾਂਦਾ?

ੳ. href

ਅ. src

ੲ. target

ਸ. title

IV. ਓਪਰੇਟਿੰਗ ਸਿਸਟਮ ਇਕ __________ ਹੈ।

ੳ. ਟਰਮੀਨਲ

ਅ. ਸਿਸਟਮ ਸਾਫਟਵੇਅਰ

ੲ. ਐਪਲੀਕੇਸ਼ਨ ਸਾਫਟਵੇਅਰ

ਸ. ਪ੍ਰੋਸੈਸਰ

V. ____________ ਇੱਕ ਪੈਰੀਫਿਰਲ (Peripheral) ਮਸ਼ੀਨ ਹੈ ਜੋ ਕੰਪਿਊਟਰ ਤੋਂ ਡਾਟਾ ਪ੍ਰਾਪਤ ਕਰਦੀ ਹੈ ਅਤੇ ਗ੍ਰਾਫਿਕਸ ਜਾਂ ਟੈਕਸਟ ਦੇ ਰੂਪ ਵਿੱਚ ਇੱਕ ਪੇਪਰ ਤੇ ਆਉਟਪੁੱਟ ਤਿਆਰ ਕਰਦੀ ਹੈ।

ੳ. ਫਰੇਮ

ਅ. ਪ੍ਰਿੰਟਰ

ੲ. ਫੌਂਟ

ਸ. ਪਲੋਟਰ

VI. ਅੱਜ-ਕੱਲ੍ਹ ਦੇ ਬਰੋਸ਼ਰ ਇਲੈਕਟ੍ਰੌਨਿਕ ਫਾਰਮੇਟ ਵਿੱਚ ਵੀ ਉਪਲਬਧ ਹਨ, ਇਹਨਾਂ ਨੂੰ __________ ਕਿਹਾ ਜਾਂਦਾ ਹੈ।

ੳ. ਈ-ਬਰੋਸ਼ਰਜ਼

ਅ. ਐਮ-ਬਰੋਸ਼ਰਜ਼

ੲ. ਟੀ-ਬਰੋਸ਼ਰਜ਼

ਸ. ਕੇ-ਬਰੋਸ਼ਰਜ਼

**ਪ੍ਰਸ਼ਨ:2 ਖਾਲੀ ਥਾਵਾਂ ਭਰੋ।** **(6X1=6)**

I. ਸਿਸਟਮ ਸਾਫਟਵੇਅਰ ਆਮ ਤੋਰ ਤੇ _______ ਕੰਪਿਊਟਰ ਪ੍ਰੋਗਰਾਮਿੰਗ ਭਾਸ਼ਾਵਾਂ ਵਿਚ ਲਿਖੇ ਜਾਂਦੇ ਹਨ।

II. _________ ਟੈਗ ਦੀ ਵਰਤੋਂ ਟੇਬਲ ਹੈਡਿੰਗਜ਼ ਨੂੰ ਪਰਿਭਾਸ਼ਤ ਕਰਨ ਲਈ ਕੀਤੀ ਜਾਂਦੀ ਹੈ।

III. ਜੇਕਰ _________ HTTP ਵਿਧੀ ਨਾਲ ਫਾਰਮ ਸਬਮਿਟ ਕੀਤਾ ਜਾਂਦਾ ਹੈ ਤਾਂ ਵੈਬਪੇਜ਼ ਦੇ ਨਤੀਜੇ ਨੂੰ ਬੁੱਕਮਾਰਕ ਨਹੀਂ ਕੀਤਾ ਜਾ ਸਕਦਾ।

IV. _________ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ।

V. ਗ੍ਰਾਫਿਕਸ ਸੌਫਟਵੇਅਰ ਵਿੱਚ ___________ ਵੱਖੋ ਵੱਖਰੇ ਲੇਵਲ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੋਈ ਵਸਤੂ (object) ਜਾਂ ਇਮੇਜ਼ ਫਾਈਲ ਦਾਖਲ ਕੀਤੀ ਜਾ ਸਕਦੀ ਹੈ।

VI. ਇੱਕ ਰਿਜ਼ਿਊਮ ਸਾਡੀ _________________, ਕੰਮ ਦੇ ਇਤਿਹਾਸ (work history), ਪ੍ਰਮਾਣ ਪੱਤਰਾਂ ਅਤੇ ਹੋਰ ਪ੍ਰਾਪਤੀਆਂ ਅਤੇ ਹੁਨਰਾਂ ਦਾ ਸਾਰਾਂਸ਼ ਪ੍ਰਦਾਨ ਕਰਦਾ ਹੈ।

**ਪ੍ਰਸ਼ਨ:3 ਹੇਠ ਲਿਖੇ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਲਿਖੋ।** **(8X1=8)**

I. <S> ਟੈਗ ਦਾ ਪੂਰਾ ਨਾਂ ਕੀ ਹੈ?

II. <B> ਟੈਗ ਦਾ ਪੂਰਾ ਨਾਂ ਕੀ ਹੈ?

III. <DT> ਦਾ ਪੂਰਾ ਨਾਂ ਕੀ ਹੈ?

IV. <LI> ਦਾ ਪੂਰਾ ਨਾਂ ਕੀ ਹੈ?

V. JPEG ਦਾ ਪੂਰਾ ਨਾਂ ਕੀ ਹੈ?

VI. WYSIWYG ਦਾ ਪੂਰਾ ਨਾਂ ਲਿਖੋ।

VII. Confidentiality (ਗੁਪਤਤਾ) ਇਹ ਸੁਨਿਸ਼ਚਿਤ ਕਰਦੀ ਹੈ ਕਿ ਐਕਸਚੇਂਜ ਕੀਤਾ ਗਿਆ ਡਾਟਾ ਅਣਅਧਿਕਾਰਤ (Unauthorized) ਯੂਜ਼ਰਜ਼ ਤੱਕ ਨਾ ਪਹੁੰਚੇ। (ਸਹੀ/ਗਲਤ)

VIII. ਪਬਲੀਸ਼ਰ ਬੰਦ ਕਰਨ ਤੋਂ ਪਹਿਲਾਂ ਸਾਨੂੰ ਸਾਰੇ ਪਬਲੀਕੇਸ਼ਨ ਬੰਦ ਨਹੀਂ ਕਰਨੇ ਚਾਹੀਦੇ। (ਸਹੀ/ਗਲਤ)

## ਭਾਗ-ਅ (6X3=18)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:4 ਗੂਗਲ ਡੌਕਸ (Google Docs) ਦਾ ਵਰਨਣ ਕਰੋ।

ਪ੍ਰਸ਼ਨ:5 HTML ਵਿਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਕੋਈ 5 ਟੈਗਜ਼ ਦੇ ਨਾਂ ਲਿਖੋ।

ਪ੍ਰਸ਼ਨ:6 ਆਰਡਰਡ ਲਿਸਟ ਕੀ ਹੁੰਦੀ ਹੈ? ਆਰਡਰਡ ਲਿਸਟ ਬਨਾਉਣ ਲਈ ਵਰਤੇ ਜਾਂਦੇ ਟੈਗਜ਼ ਅਤੇ ਐਟਰੀਬਿਊਟਸ ਦੇ ਨਾਂ ਲਿਖੋ।

ਜਾਂ

ਤੁਸੀਂ HTML ਟੇਬਲਜ਼ ਵਿਚ ਸੈੱਲਾਂ ਨੂੰ ਕਿਸ ਤਰ੍ਹਾਂ ਮਰਜ ਕਰੋਗੇ?

ਪ੍ਰਸ਼ਨ:7 ਤੁਸੀਂ HTML ਡਾਕੂਮੈਂਟ ਵਿਚ ਇਕ ਤਸਵੀਰ ਕਿਸ ਤਰ੍ਹਾਂ ਦਾਖਲ ਕਰੋਗੇ?

ਜਾਂ

ਫਾਰਮਜ਼ (Forms) ਕੀ ਹੁੰਦੇ ਹਨ?

ਪ੍ਰਸ਼ਨ:8 ਗ੍ਰਾਫਿਕਸ (Graphics) ਨੂੰ ਪਰਿਭਾਸ਼ਿਤ ਕਰੋ?

ਪ੍ਰਸ਼ਨ:9 ਵਿਗਿਆਪਨ ਲਈ ਕਿਹੜੇ ਪਬਲੀਕੇਸ਼ਨ ਵਰਤੇ ਜਾ ਸਕਦੇ ਹਨ?

## ਭਾਗ-ੲ (2X6=12)

### ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:10 ਸਾਫਟਵੇਅਰ ਕੀ ਹੁੰਦੇ ਹਨ? ਵੱਖ-ਵੱਖ ਕਿਸਮਾਂ ਦੇ ਸਾਫਟਵੇਅਰਜ਼ ਦਾ ਵਰਨਣ ਕਰੋ।

ਜਾਂ

ਆਫਲਾਈਨ ਅਤੇ ਆਨਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।

ਪ੍ਰਸ਼ਨ:11 ਟਾਈਮ-ਸ਼ੇਅਰਿੰਗ ਓਪਰੇਟਿੰਗ ਸਿਸਟਮ ਕੀ ਹੈ? ਇਸਦੇ ਫਾਇਦੇ ਅਤੇ ਨੁਕਸਾਨ ਲਿਖੋ।

ਜਾਂ

ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ ਕੀ ਹੈ? ਬਿਆਨ ਕਰੋ।